ਵੱਲੋ

ਡਾਇਰੈਕਟਰ ਖੁਰਾਕ, ਸਿਵਲ ਸਪਲਾਈਜ਼ ਅਤੇ
ਖਪਤਕਾਰ ਮਾਮਲੇ, ਪੰਜਾਬ ਸਰਕਾਰ।

ਸੇਵਾ ਵਿਚ

1 ਸਮੂਹ ਡਿਪਟੀ ਡਾਇਰੈਕਟਰ (ਫੀਲਡ),
ਖੁਰਾਕ ਸਿਵਲ ਸਪਲਾਈਜ਼ ਅਤੇ ਖਪਤਕਾਰ ਮਾਮਲੇ ਵਿਭਾਗ,
ਪੰਜਾਬ ਰਾਜ ਵਿਚ।

2 ਸਮੂਹ ਜ਼ਿਲ੍ਹਾ ਕੰਟਰੋਲਰ,
ਖੁਰਾਕ ਸਿਵਲ ਸਪਲਾਈਜ਼ ਅਤੇ ਖਪਤਕਾਰ ਮਾਮਲੇ ਵਿਭਾਗ,
ਪੰਜਾਬ ਰਾਜ ਵਿਚ।

ਮੀਮੋ ਨੰਬਰ ਐਸ.ਏ.(ਬਜਟ/ਫੰਡ)-ਬੀ.ਜੀ.-5(234)-2017/80
ਮਿਤੀ ਚੰਡੀਗੜ੍ਹ : **28.02.2017**

**ਵਿਸ਼ਾ :- ਖੁਰਾਕ ਜਿਨਸਾਂ ਦੀ ਢੋਆ ਢੁਆਈ ਲਈ ਸਬੰਧਤ ਠੇਕਾ ਪੂਰਤੀ ਸਾਲ 2017-18.**

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਸਾਲ 2017-18 ਲਈ ਖੁਰਾਕ ਜਿਨਸਾਂ ਦੀ ਢੋਆ ਢੁਆਈਦੇ ਕੰਮ ਲਈ ਹੇਠ ਅਨੁਸਾਰ ਪਾਲਿਸੀ ਗਾਈਡ ਲਾਈਨਜ਼/ਹਦਾਇਤਾਂ ਜਾਰੀ ਕੀਤੀਆਂ ਜਾਂਦੀਆਂ ਹਨ:-

1- ਟੈਡਰਾਂ ਦੀ ਅਲਾਟਮੈਟ, ਜਿਲਾ ਪੱਧਰੀ ਟੈਡਰ ਅਲਾਟਮੈਟ ਕਮੇਟੀ ਦੁਆਰਾ ਕੀਤੀ ਜਾਵੇਗੀ, ਜਿਸਦਾ ਮੁਖੀ ਸਬੰਧਤ ਡਵੀਜਨ ਦਾ ਡਿਪਟੀ ਡਾਇਰੈਕਟਰ (ਫੀਲਡ) ਹੋਵੇਗਾ। ਸਾਰੀਆਂ ਖਰੀਦ ਏਜੰਸੀਆਂ (ਸਮੇਤ ਐਫ.ਸੀ.ਆਈ.) ਦੇ ਜ਼ਿਲਾ ਮੁਖੀ ਇਸ ਕਮੇਟੀ ਦੇ ਮੈਬਰ ਹੋਣਗੇ। ਜਿਲਾ ਪ੍ਰਸ਼ਾਸਨ ਦੀ ਨੁਮਾਇੰਦਗੀ ਲਈ ਜਿਲਾ ਡਿਪਟੀ ਕਮਿਸ਼ਨਰ ਦੁਆਰਾ ਇੱਕ ਅਧਿਕਾਰੀ ਨੂੰ ਬਤੌਰ ਕਮੇਟੀ ਮੈਬਰ ਨਾਮਜਦ ਕੀਤਾ ਜਾਵੇਗਾ।

2- ਢੋਆ ਢੁਆਈਦੇ ਟੈਡਰ ਰੱਬੀ ਅਤੇ ਖਰੀਫ ਸੀਜ਼ਨ ਸਾਲ 2017-18ਲਈ ਲਏ ਜਾਣਗੇ । ਇਸ ਪਾਲੀਸੀ ਤਹਿਤ ਮੰਨਜੂਰ ਕੀਤੇ ਗਏ ਟੈਡਰ 01-04-2017 ਤੋ 31-03-2018 ਤੱਕ ਲਾਗੂ ਰਹਿਣਗੇ।

3- ਐਫ.ਸੀ.ਆਈ. ਸਮੇਤ ਸਾਰੀਆਂ ਖਰੀਦ ਏਜੰਸੀਆਂ ਦੇ ਟੈਡਰ ਪੰਜਾਬ ਸਰਕਾਰ ਦੇ ਬਿਹਾਫ ਤੇ ਸਬੰਧਤ ਜਿਲਾ ਕੰਟਰੋਲਰ, ਖੁਰਾਕ ਤੇ ਸਪਲਾਈ ਦੇ ਨਾਮ ਤੇ ਸੰਬੋਧਿਤ ਹੋਣਗੇ।

4- ਢੋਆ ਢੁਆਈ ਦੇ ਕੰਮ ਲਈ ਟੈਡਰ ਲੈਣ ਲਈ ਪ੍ਰੈਸ ਰਾਹੀ ਵਿਗਿਆਪਨ ਦਿਤੇ ਜਾਣ ਤਾਂ ਜੋ ਹਰ ਟਰਾਂਸਪੋਰਟਰ ਨੂੰ ਸੂਚਨਾ ਮਿਲ ਸਕੇ।

5- ਟੈਡਰਿੰਗ ਪ੍ਰਕਿਰਿਆ ਈ.ਟੈਡਰਿੰਗ ਰਾਹੀ ਮੁਕੰਮਲ ਕੀਤੀ ਜਾਵੇਗੀ ।ਸਮੂਹ ਜ਼ਿਲਿਆਂ ਲਈ ਢੋਆ ਢੁਆਈ ਦੇ ਕੰਮ ਲਈ ਟੈਂਡਰ ਦੋ ਬਿੱਡ (ਟੈਕਨੀਕਲ ਬਿੱਡ ਅਤੇ ਫਾਇਨੈਸ਼ਿਅਲ ਬਿੱਡ) ਪ੍ਰਣਾਲੀ ਰਾਹੀ ਪ੍ਰਾਪਤ ਕੀਤੇ ਜਾਣਗੇ। ਪਹਿਲਾ ਟੈਕਨੀਕਲ ਬਿੱਡ ਖੋਲੀ ਜਾਵੇਗੀ। ਜਿਹੜੇ ਠੇਕੇਦਾਰ ਟੈਕਨੀਕਲ ਬਿੱਡ ਵਿੱਚ ਪਾਲੀਸੀ ਅਨੁਸਾਰ ਟੈਕਨੀਕਲ ਯੋਗਤਾਵਾਂ ਪੂਰੀਆਂ ਕਰਨਗੇ ਉਨਾਂ ਠੇਕੇਦਾਰਾਂ ਦੀ ਹੀ ਟੈਕਨੀਕਲ ਬਿੱਡ ਪ੍ਰਵਾਨ ਹੋਵੇਗੀ ਅਤੇ ਟੈਕਨੀਕਲ ਬਿੱਡ ਪ੍ਰਵਾਨ ਹੋਣ ਉਪਰੰਤ ਹੀ ਫਾਇਨੈਸ਼ੀਅਲ ਬਿੱਡ ਖੋਲੀ ਜਾਵੇਗੀ।

6- ਸਾਰੀਆਂ ਖਰੀਦ ਏਜੰਸੀਆਂ ਦੇ ਟੈਡਰ ਇਕੱਠੇ ਲਏ ਜਾਣਗੇ।ਜ਼ਿਲਾ ਕੰਟਰੋਲਰ ਖੁਰਾਕ ਤੇ ਸਪਲਾਈ ਵਲੋ ਸਾਰੀਆਂ ਖਰੀਦ ਏਜੰਸੀਆਂ ਦੇ ਜਿਲਾ ਮੁਖੀਆਂ ਨਾਲ ਮਿਲਕੇ, ਜਿਲੇ ਅਧੀਨ ਪੈਦੀਆਂ ਮੰਡੀਆਂ ਦੇ ਕਲਸਟਰ ਭੁਗੋਲਿਕ ਸਥਿਤੀ ਅਨੁਸਾਰ ਆਪਸ ਵਿੱਚ ਨਾਲ ਲੱਗਦੀਆਂ ਮੰਡੀਆਂ, ਉਨ੍ਹਾਂ ਦੀ ਸੰਭਾਵਿਤ ਖਰੀਦ ਅਤੇ ਸਟੋਰੇਜ ਕੇਦਰਾਂ ਤੋ ਦੂਰੀ/ਫਾਂਸਲੇ ਨੂੰ ਧਿਆਨ ਵਿੱਚ ਰੱਖਦੇ ਹੋਏ ਬਣਾਏ ਜਾਣਗੇ।ਬਨਾਏ ਗਏ ਕਲਸਟਰਾ ਦੇ ਪੁਨਰਗਠਨ ਭਾਵ ਮੌਕੇ ਦੇ ਹਾਲਾਤਾ ਨੂੰ ਦੇਖਦੇ ਹੋਏ ਲੋੜੀਦੀ ਤਬਦੀਲੀ ਵੀ ਕੀਤੀ ਜਾ ਸਕਦੀ ਹੈ, ਜਿਸ ਦੀ ਪ੍ਰਵਾਨਗੀ ਲਈ ਡਿਪਟੀ ਡਾਇਰੈਕਟਰ (ਫੀਲਡ)-ਕਮ-ਚੇਅਰਮੈਨਟੈਡਰ ਅਲਾਟਮੈਟ ਕਮੇਟੀ ਹੀ ਸਮਰੱਥ ਅਧਿਕਾਰੀ ਹੋਵੇਗਾ। ਜਿਲੇ ਅਧੀਨ ਪੈਦੀਆਂ ਮੰਡੀਆਂ ਵਿੱਚੋ 8 ਕਿਲੋਮੀਟਰ ਤੋ ਵੱਧ ਦੀ ਢੋਆ-ਢੁਆਈ ਦੇ ਟੈਡਰ ਕਲਸਟਰ ਵਾਈਸ ਲਏ ਜਾਣਗੇ। ਕਲਸਟਰਾ ਦੀ ਸੂਚੀ ਜ਼ਿਲਾ ਕੰਟਰੋਲਰ ਖੁਰਾਕ ਤੇ ਸਪਲਾਈ ਦਫਤਰ ਦੇ ਨੋਟਿਸ ਬੋਰਡ ਤੇ ਅਤੇ ਈ-ਟੈਡਰਿੰਗ ਦੀ ਸਾਇਟ ਤੇ ਵੀ ਉਪਲਬਧ ਕੀਤੀ ਜਾਵੇਗੀ। 0 ਤੋ 8 ਕਿਲੋ ਮੀਟਰ ਦੀ ਢੋਆ-ਢੁਆਈ ਦੇ ਟੈਡਰ ਲੇਬਰ ਕਾਰਟੇਜ ਪਾਲਿਸੀ ਤਹਿਤ ਲਏ ਜਾਣਗੇ।

7- ਐਫ.ਸੀ.ਆਈ ਸਮੇਤ ਸਾਰੀਆਂ ਖਰੀਦ ਏਜੰਸੀਆਂ ਲਈ ਟੈਡਰ ਫਾਰਮ ਦੀ ਕੀਮਤ **5,000/-** ਰੁਪਏ ਪ੍ਰਤੀ ਕਲਸਟਰ ਹੋਵੇਗੀ। ਟੈਂਡਰ ਫਾਰਮ ਦੀ ਕੀਮਤ ਦੀ ਅਦਾਇਗੀ ਈ-ਟੈਂਡਰ ਪੋਰਟਲ ਤੇ ਪੇਮੈਂਟ ਗੇਟਵੇਅ (payment gateway) ਰਾਂਹੀ ਆਨ ਲਾਈਨ ਵਿਧੀ ਅਪਣਾਉਦੇ ਹੋਏ ਕੀਤੀ ਜਾਵੇਗੀ, ਜੋ ਕਿ ਸਬੰਧਤ ਜਿਲ੍ਹਾ ਮੈਨੇਜ਼ਰ ਪਨਗਰੇਨ ਦੇ ਖਾਤੇ ਵਿੱਚ ਜਮ੍ਹਾਂ ਹੋਵੇਗੀ।

ਟੈਕਨੀਕਲ ਕੁਆਲੀਫਿਕੇਸ਼ਨ ਦੌਰਾਨ ਜਮ੍ਹਾਂ ਕਰਵਾਈ ਗਈ ਰਾਸ਼ੀ ਸਬੰਧੀ ਜਿਲਾ ਕੰਟਰੋਲਰ ਖੁਰਾਕ ਤੇ ਸਪਲਾਈਜ ਦੇ ਦਫਤਰ ਵੱਲੋ ਬੈਂਕ ਸਟੇਟਮੈਂਟ ਪ੍ਰਾਪਤ ਕਰਦੇ ਹੋਏ ਜਮ੍ਹਾਂ ਹੋਈ ਰਾਸ਼ੀ ਦਾ ਮਿਲਾਨ ਕੀਤਾ ਜਾਵੇਗਾ। ਬਿਆਨਾ ਰਕਮ ਜਮ੍ਹਾਂ ਕਰਵਾਉਣ ਹਿੱਤ ਵੀ ਇਹੀ ਵਿਧੀ ਅਪਣਾਈ ਜਾਵੇਗੀ।

8- ਕੋਈ ਵੀ ਟੈਡਰ, ਟੈਡਰਕਾਰ ਤੋ ਇਲਾਵਾ ਕਿਸੇ ਹੋਰ ਵਿਅਕਤੀ ਨੂੰ ਟ੍ਰਾਂਸਫਰ ਨਹੀ ਕੀਤਾ ਜਾਵੇਗਾ। ਜਿਨ੍ਹਾਂ ਟਰਾਂਸਪੋਰਟਰਾਂ ਨੂੰ ਪਹਿਲਾਂ ਕਿਸੇ ਕਾਰਨ ਬਲੈਕਲਿਸਟ ਘੋਸ਼ਿਤ ਕੀਤਾ ਗਿਆ ਹੈ ਭਾਵ ਬਲੈਕ ਲਿਸਟ ਹੋਏ ਟਰਾਂਸਪੋਰਟਰ ਨੂੰ ਟੈਡਰ ਲੈਣ ਅਤੇ ਪਾਉਣ ਦਾ ਅਧਿਕਾਰ ਨਹੀ ਹੋਵੇਗਾ। ਜੇਕਰ ਕਿਸੇ ਬਲੈਕ ਲਿਸਟ ਹੋਏ ਟਰਾਂਸਪੋਰਟਰ ਵੱਲੋ ਟੈਡਰ ਪਾਇਆ ਜਾਂਦਾ ਹੈ ਤਾਂ ਪਤਾ ਲੱਗਣ ਤੇ ਉਸਦਾ ਟੈਡਰ ਰੱਦ ਕਰ ਦਿੱਤਾ ਜਾਵੇਗਾ। ਬਲੈਕ ਲਿਸਟਿਡ ਠੇਕੇਦਾਰਾਂ ਨੂੰ ਬਹਾਲ ਕਰਨ ਸਬੰਧੀ ਕਾਰਵਾਈ ਖੁਰਾਕ ਤੇ ਸਪਲਾਈਜ਼ ਵਿਭਾਗ ਦੇ ਪੱਤਰ ਨੰ:ਐਸ.ਏ.(ਬ/ਫ)-ਬੀ.ਜੀ.1-15/934, ਮਿਤੀ 03-12-2014 ਰਾਹੀ ਜਾਰੀ ਕੀਤੀਆਂ ਪਾਲਿਸੀ ਹਦਾਇਤਾਂ ਅਨੁਸਾਰ ਕੀਤੀ ਜਾਵੇਗੀ।

9- ਟੈਡਰਕਾਰ ਨੂੰ **ਮੰਡੀਆਂ ਦੇ ਬਨਾਏ ਕਲਸਟਰ** ਵਿਖੇ ਢੋਆ-ਢੁਆਈ ਦੇ ਕੰਮ ਲਈ ਅਨੁਲੱਗ-ੳ ਤੇ ਦਰਸਾਈ ਸੂਚੀ SOR ਦੇ ਨਿਸਚਿਤ ਰੇਟਾਂ ਦੇ ਆਧਾਰ ਤੇ ਟੈਡਰ ਭਰਨੇ ਹੋਣਗੇ। ਜੇਕਰ ਪਹਿਲੀ ਵਾਰ ਇੱਕ ਹੀ ਟੈਡਰਕਾਰ ਵੱਲੋ ਟੈਡਰ ਪਾਇਆ ਜਾਂਦਾ ਹੈ ਤਾਂ ਟੈਡਰ ਦੁਬਾਰਾ ਮੰਗੇ ਜਾਣਗੇ। ਜੇਕਰ ਦੁਬਾਰਾ ਮੰਗਣ ਤੇ ਵੀ ਇੱਕ ਹੀ ਟੈਡਰਕਾਰ ਵੱਲੋ ਟੈਡਰ ਪਾਇਆ ਜਾਂਦਾ ਹੈ ਅਤੇ ਉਸ ਵੱਲੋਂ ਨੈਗੋਸੀਏਸ਼ਨ ਦੌਰਾਨ SOR ਦੇ ਬੇਸਿਕ ਰੇਟ ਤੱਕ ਸਹਿਮਤੀ ਨਹੀ ਦਿੱਤੀ ਜਾਂਦੀ ਅਤੇ ਟੈਡਰ ਫਾਈਨਲ ਨਹੀ ਹੁੰਦੇ ਤਾਂ ਜਿਲਾ ਟੈਡਰ ਅਲਾਟਮੈਂਟ ਕਮੇਟੀਵੱਲੋ ਨੈਗੋਸੀਏਸ਼ਨ ਦੇ ਪੂਰੇ ਉਪਰਾਲੇ ਕਰਦੇ ਹੋਏ SOR ਦੇ ਬੇਸਿਕ ਰੇਟਾਂ ਤੇ ਘੱਟ ਤੋ ਘੱਟ ਵਾਧਾ ਦਿੰਦੇ ਹੋਏ ਟੈਡਰ ਮੰਨਜ਼ੂਰ ਕਰਨ ਦਾ ਅਧਿਕਾਰ ਹੋਵੇਗਾ, ਜਿਸ ਦੀ ਵਿਸਥਾਰਪੂਰਵਕ ਜਸਟੀਫਿਕੇਸ਼ਨ ਰਿਪੋਰਟ ਮੁੱਖ ਦਫਤਰ ਭੇਜੀ ਜਾਵੇਗੀ।

10- ਟੈਡਰ ਕੇਵਲ ਆੱਨ ਲਾਈਨ ਵਿਧੀ ਰਾਹੀ ਆਖਰੀ ਮਿਤੀ ਤੱਕ ਭਰੇ ਜਾਣਗੇ ਅਤੇ ਕੋਈ ਵੀ ਟੈਡਰ ਨਿੱਜੀ ਤੌਰ ਤੇ ਜਿਲਾ ਪੱਧਰ ਤੇ ਪ੍ਰਾਪਤ ਨਹੀ ਕੀਤਾ ਜਾਵੇਗਾ। ਨਿਰਧਾਰਤ ਮਿਤੀ ਅਤੇ ਸਮੇ ਤੱਕ ਪ੍ਰਾਪਤ ਕੀਤੇ ਗਏ ਟੈਡਰ, ਕਮੇਟੀ ਮੈਬਰਾਂ ਦੀ ਹਾਜ਼ਰੀ ਵਿਚ ਅਤੇ ਟੈਡਰਕਾਰ ਜੋ ਕਿ ਹਾਜ਼ਰ ਹੋਣਾ ਚਾਹੁੰਦੇ ਹੋਣ, ਦੀ ਹਾਜ਼ਰੀ ਵਿਚ ਨਿਰਧਾਰਤ ਮਿਤੀ ਅਤੇ ਸਮੇ ਤੇ ਖੋਲੇ ਜਾਣਗੇ। ਕੰਡੀਸ਼ਨਲ ਟੈਡਰ ਤੇ ਕੋਈ ਵਿਚਾਰ ਨਹੀ ਕੀਤਾ ਜਾਵੇਗਾ।

11- ਟੈਡਰ ਅਲਾਟਮੈਂਟ ਕਮੇਟੀ ਦੁਆਰਾ ਸਭ ਤੋ ਘੱਟ ਪ੍ਰਾਪਤ ਹੋਏ ਰੇਟ ਭਾਵ (ਐਲ-1) ਨਾਲ ਹੀ ਨੈਗੋਸੀਏਸ਼ਨ ਕਰਨ ਉਪਰੰਤ ਟੈਡਰ ਰੇਟ ਮੰਨਜ਼ੂਰ ਕੀਤਾ ਜਾਵੇਗਾ। ਜੇਕਰ ਟੈਡਰ ਅਲਾਟਮੈਂਟ ਕਮੇਟੀ ਦੇ ਚੇਅਰਮੈਨ ਯੋਗ ਸਮਝਣ ਅਤੇ ਐਲ-1 ਠੇਕੇਦਾਰ ਆਪਣੀ ਸਹਿਮਤੀ ਪ੍ਰਗਟਾਵੇ ਤਾਂ ਕਲਸਟਰ ਵਿੱਚ ਕਿਸੇ ਏਜੰਸੀ ਦੇ ਢੋਆ-ਢੁਆਈ ਦੇ ਕੰਮ ਲਈ ਐਲ-2 ਜਾਂ ਐਲ-3 ਨੂੰ, ਐਲ-1 ਦੇ ਰੇਟਾਂ ਤੇ ਕਾਊਟਰ ਆੱਫਰ ਦਿੰਦੇ ਹੋਏ ਕੰਮ ਅਲਾਟ ਕਰਨ ਦਾ ਅਧਿਕਾਰ ਹੋਵੇਗਾ।

12- ਬਿਆਨਾ ਰਕਮ ਅਤੇ ਜਮਾਨਤੀ ਰਕਮ ਜਮ੍ਹਾਂ ਕਰਵਾਉਣ ਦੀ ਵਿਧੀ:-

ਬਿਆਨਾ ਰਕਮ ਹੇਠ ਅਨੁਸਾਰ ਨਿਰਧਾਰਤ ਦਰਾ ਤੇ ਜਮਾਂ ਕਰਵਾਈ ਜਾਵੇਗੀ।ਜਮਾਨਤੀ ਰਕਮ ਕਲਸਟਰ ਦੀ ਪਿਛਲੇ ਸਾਲ ਦੀ ਰੱਬੀ ਸੀਜ਼ਨ ਦੀ ਅਸਲ ਆਮਦ ਦਾ **ਦੋ ਰੁਪਏ ਪ੍ਰਤੀ ਟਨ** ਦੇ ਹਿਸਾਬ ਨਾਲ ਹੋਵੇਗੀ। ਇਹ ਰਕਮ ਕਲਸਟਰ ਦੀਆਂ ਸਾਰੀ ਖਰੀਦ ਏਜੰਸੀਆਂ ਦੇ ਮੁਖੀਆਂ ਨੂੰ ਏਜੰਸੀ-ਵਾਈਜ ਆਮਦ ਦੇ ਹਿਸਾਬ ਨਾਲ ਜਮ੍ਹਾਂ ਕਰਵਾਉਣੀ ਹੋਵੇਗੀ।ਬਿਆਨਾ ਰਕਮ ਆਨ ਲਾਈਨ ਵਿਧੀ ਰਾਂਹੀ ਜਿਲਾ ਕੰਟਰੋਲਰ ਖੁਰਾਕ ਤੇ ਸਪਲਾਈਜ ਵੱਲੋ ਜਿਲ੍ਹਾ ਮੈਨੇਜ਼ਰ ਪਨਗਰੇਨ ਦੇ ਖਾਤੇ ਵਿੱਚ ਪ੍ਰਾਪਤ ਕੀਤੀ ਜਾਵੇਗੀ, ਜਦ ਕਿ ਜਮਾਨਤੀ ਰਕਮ ਸਫਲ ਟੈਂਡਰਕਾਰ ਦੁਆਰਾ ਡਰਾਫਟ ਰਾਂਹੀ ਸਬੰਧਤ ਖਰੀਦ ਏਜੰਸੀ ਦੇ ਮੁੱਖੀ ਨੂੰ ਅਦਾਇਗੀ ਯੋਗ ਹੋਵੇਗੀ।

ਬਿਆਨਾ ਰਕਮ ਜਮਾਨਤੀ ਰਕਮ ਵਿਚ ਐਡਜਸਟ ਕੀਤੀ ਜਾਵੇਗੀ। ਨਾ-ਕਾਮਯਾਬ ਟੈਡਰਕਾਰਾਂ ਦੀ ਬਿਆਨਾ ਰਕਮ 15 ਦਿਨਾਂ ਬਾਅਦ ਸਬੰਧਤ ਜਿਲਾ ਕੰਟਰੋਲਰ ਵੱਲੋ ਅਕਾਊਂਟ ਪੇਈ ਚੈਕ/ਆਰ.ਟੀ.ਜੀ.ਐਸ. ਰਾਹੀ ਉਨ੍ਹਾਂ ਦੇ ਦਰਸਾਏ ਖਾਤੇ ਵਿੱਚ ਵਾਪਿਸ ਕੀਤੀ ਜਾਵੇਗੀ। ਬਿਆਨਾ ਰਕਮ ਅਤੇ ਜਮਾਨਤੀ ਰਕਮ ਤੇ ਕਿਸੇ ਕਿਸਮ ਦਾ ਵਿਆਜ਼ ਨਹੀ ਦਿਤਾ ਜਾਵੇਗਾ।

| ਲੜੀ ਨੰ: | ਮੰਡੀਆਂ ਦੇ ਕਲਸਟਰ ਵਿੱਚ ਜਿਨਸ ਦੀ ਆਮਦ | ਬਿਆਨੇ ਦੀ ਰਕਮ(ਰੁਪਏ ਵਿਚ) |
|---|---|---|
| 1 | 0 ਤੋ 5000 ਟਨ ਤੱਕ | 5,000 |
| 2 | 5001 ਤੋ 10000 ਟਨ ਤੱਕ | 10,000 |
| 3 | 10001 ਤੋ 20000 ਟਨ ਤੱਕ | 20,000 |
| 4 | 20001 ਤੋ 30000 ਟਨ ਤੱਕ | 30,000 |
| 5 | 30001 ਤੋ 40000 ਟਨ ਤੱਕ | 40,000 |
| 6 | 40001 ਤੋ 50000 ਟਨ ਤੱਕ | 50,000 |
| 7 | 50001 ਤੋ 75000 ਟਨ ਤੱਕ | 75,000 |

| | | |
|---|---|---|
| 8 | 75001 ਤੋ 100000 ਟਨ ਤੱਕ | 1,00,000 |
| 9 | 100000 ਟਨ ਤੋ ਵੱਧ | 1,25,000 |

13- ਸਫਲ ਟੈਂਡਰਕਾਰ ਨੂੰ ਕਲਸਟਰ ਦੀ ਏਜੰਸੀਵਾਸੀਸ ਕੁੱਲ ਆਮਦ ਦਾ 10 ਰੁਪਏ ਪ੍ਰਤੀ ਟਨ ਰਕਮ ਦੇ ਬਰਾਬਰ ਦੀ ਰਾਸ਼ੀ ਦਾ ਅਕਾਊਟ ਪੇਈ ਚੈਕ ਸਬੰਧਤ ਏਜੰਸੀ ਪਾਸ ਬਤੌਰ ਗਾਰੰਟੀ ਜਮਾਂ ਕਰਵਾਉਣਾ ਲਾਜ਼ਮੀ ਹੋਵੇਗਾ।

14- ਟੈਂਡਰਾਂ ਨੂੰ ਖੋਲਣ ਸਮੇ ਚੇਅਰਮੈਨ ਅਤੇ ਕਮੇਟੀ ਦੇ ਮੈਬਰਾਂ ਦੁਆਰਾ ਟੈਂਡਰ ਫਾਰਮ ਉਤੇ ਹਸਤਾਖਰ ਕੀਤੇ ਜਾਣਗੇ, ਨੈਗੋਸ਼ੀਏਸ਼ਨ ਸਮੇ ਟੈਂਡਰਕਾਰ ਦਾ ਪੂਰਾ ਨਾਮ ਲਿਖਦੇ ਹੋਏ ਅਤੇ ਨੈਗੋਸੀਏਟਿਡ ਰੇਟ ਨੂੰ ਅੱਖਰਾਂ ਵਿਚ ਲਿਖਿਆ ਜਾਵੇਗਾ ਅਤੇ ਨੈਗੋਸ਼ੀਏਸ਼ਨ ਉਪਰੰਤ ਟੈਂਡਰਕਾਰ ਦੇ ਹਸਤਾਖਰ, ਚੇਅਰਮੈਨ ਅਤੇ ਕਮੇਟੀ ਦੇ ਮੈਬਰਾਂ ਦੁਆਰਾ ਟੈਂਡਰ ਫਾਰਮ ਉਤੇ ਮੁੜ ਹਸਤਾਖਰ ਕੀਤੇ ਜਾਣਗੇ। ਜੇਕਰ ਕੋਈ ਕਟਿੰਗ ਹੋਵੇ ਤਾਂ ਉਸ ਨੂੰ ਅਟੈਸਟ ਕਰਨਾ ਜ਼ਰੂਰੀ ਹੋਵੇਗਾ।

15- ਸਾਰੀਆ ਖਰੀਦ ਏਜੰਸੀਆਂ ਦੇ ਬਿਹਾਫ ਤੇ ਜਿਲਾ ਕੰਟਰੋਲਰ ਖੁਰਾਕ ਤੇ ਸਪਲਾਈਜ਼ ਵੱਲੋ ਟੈਂਡਰਕਾਰ ਨਾਲ ਐਗਰੀਮੈਂਟ ਕੀਤਾ ਜਾਵੇਗਾ।

16- ਸਫਲ ਟੈਂਡਰਕਾਰ ਨੂੰ ਜਮਾਨਤੀ ਰਕਮ 3 (ਤਿੰਨ) ਦਿਨਾਂ ਦੇ ਅੰਦਰ-ਅੰਦਰ ਸਬੰਧਤ ਏਜੰਸੀ ਦੇ ਮੁੱਖੀ ਦੇ ਨਾਂਮ ਤੇ ਜਮ੍ਹਾਂ ਕਰਾਉਣੀ ਹੋਵੇਗੀ, ਅਜਿਹਾ ਨਾ ਕਰਨ ਦੀ ਸੂਰਤ ਵਿਚ ਉਸ ਤੋਂ ਅਗਲੇ ਟੈਂਡਰਕਾਰ ਨਾਲ ਨੈਗੋਸੀਏਸ਼ਨ ਕਰਨ ਉਪਰੰਤ ਐਲ-1 ਦੇ ਪ੍ਰਵਾਨਿਤ ਰੇਟ ਤੇ ਕੰਮ ਅਲਾਟ ਕਰਨ ਦਾ ਅਧਿਕਾਰ ਹੋਵੇਗਾ।

17- ਜੇਕਰ ਟੈਂਡਰਕਾਰ (ਐਲ-1) ਕਿਸੇ ਕਲਸਟਰ ਦੇ ਟੈਂਡਰ ਪ੍ਰਵਾਨ ਹੋਣ ਤੋਂ ਬਾਅਦ ਕੰਮ ਕਰਨ ਤੋ ਇਨਕਾਰ ਕਰ ਦੇਵੇ ਤਾਂ ਉਸ ਦੀ ਬਿਆਨਾ ਰਕਮ ਜ਼ਬਤ ਕਰਦੇ ਹੋਏ, ਉਸ ਨੂੰ ਬਲੈਕ ਲਿਸ਼ਟ ਘੋਸਿਤ ਕਰਨ ਉਪਰੰਤ ਐਲ-1 ਦੇ ਪ੍ਰਵਾਨਿਤ ਰੇਟ ਤੇ ਪਹਿਲਾਂ (ਐਲ-2) ਅਤੇ ਉਸਦੀ ਇਨਕਾਰੀ ਦੀ ਸੂਰਤ ਵਿੱਚ (ਐਲ-3) ਤੋਂ ਕੰਮ ਕਰਵਾਇਆ ਜਾ ਸਕਦਾ ਹੈ। ਅਜਿਹਾ ਨਾ ਹੋਣ ਦੀ ਸੂਰਤ ਵਿੱਚ, ਦੁਬਾਰਾ ਟੈਂਡਰ ਲਏ ਜਾਣਗੇ। ਜੇਕਰ ਦੁਬਾਰਾ ਟੈਂਡਰ ਮੰਗੇ ਜਾਣ ਤੇ ਵੀ ਕੋਈ ਟੈਂਡਰ ਪ੍ਰਾਪਤ ਜਾਂ ਫਾਈਨਲ ਨਹੀ ਹੁੰਦੇ ਤਾਂ ਏਜੰਸੀ ਨੂੰ ਦੂਸਰੇ ਸਾਧਨਾਂ ਜਾਂ ਆੜ੍ਹਤੀਆਂ ਪਾਸੋ ਪਿਛਲੇ ਸਾਲ ਦੇ ਪ੍ਰਵਾਨਤ ਰੇਟਾਂ ਤੇ ਕੰਮ ਕਰਵਾਉਣ ਦਾ ਅਧਿਕਾਰ ਹੋਵੇਗਾ।

18- ਸਫਲ ਟੈਂਡਰਕਾਰ ਮੰਡੀ ਵਿਚੋ ਜਿਣਸ ਦੀ ਬੋਲੀ ਉਪਰੰਤ ਮੰਡੀ ਬੋਰਡ ਦੀਆਂ ਹਦਾਇਤਾਂ ਅਨੁਸਾਰ 72 ਘੰਟੇ ਦੇ ਅੰਦਰ-2 ਜਿਨਸ ਨੂੰ ਚੁੱਕਣ ਦਾ ਪਾਬੰਦ ਹੋਵੇਗਾ, ਅਜਿਹਾ ਨਾ ਕਰਨ ਦੀ ਸੂਰਤ ਵਿਚ ਉਸ ਦੀ ਰਿਸ਼ਕ ਅਤੇ ਕੋਸਟ ਤੇ ਏਜੰਸੀ ਨੂੰ ਦੂਸਰੇ ਸਾਧਨਾਂ ਜਾਂ ਆੜਤੀਆਂ ਪਾਸੋ ਸਬੰਧਤ ਟੈਂਡਰ ਦੇ ਪ੍ਰਵਾਨਿਤ ਰੇਟਾਂ ਤੇ ਕੰਮ ਕਰਵਾਉਣ ਦਾ ਅਧਿਕਾਰ ਹੋਵੇਗਾ । ਇੰਨ੍ਹਾਂ ਹਾਲਤਾਂ ਵਿੱਚ ਠੇਕੇਦਾਰ ਨੂੰ ਉਸਦੇ ਈ.ਮੇਲ ਆਈ.ਡੀ./ਰਜਿਸਟਰਡ ਮੋਬਾਇਲ ਤੇ ਐਸ.ਐਮ.ਐਸ. ਰਾਹੀ ਵਜ੍ਹਾ ਬਿਆਨ ਨੋਟਿਸ ਦਿੰਦੇ ਹੋਏ, ਉਸਨੂੰ ਨਿਜੀ ਸੁਣਵਾਈ ਦੇਣ ਉਪਰੰਤ ਕਾਰਵਾਈ ਕੀਤੀ ਜਾ ਸਕਦੀ ਹੈ।

(ੳ) (i) ਜੇਕਰ ਠੇਕੇਦਾਰ ਮੰਡੀ ਵਿੱਚ ਮਿਥੇ ਸਮੇ ਵਿੱਚ ਪੂਰਾ ਕੰਮ ਕਰਨ ਵਿੱਚ ਅਸਮਰਥ ਰਹਿੰਦਾ ਹੈ ਅਤੇ ਉਸ ਨੂੰ ਪਾਲੀਸੀ ਅਨੁਸਾਰ ਇਕ ਦਿਨ ਦਾ ਨੋਟਿਸ ਸਰਵ ਹੋ ਜਾਂਦਾ ਹੈ, ਉਸ ਸਥਿਤੀ ਵਿੱਚ ਨੋਟਿਸ ਦੇ ਸਮੇਂ ਦੌਰਾਨ ਜੇਕਰ ਠੇਕੇਦਾਰ ਲਿਖਤੀ ਸਹਿਮਤੀ ਦਿੰਦਾ ਹੈ ਕਿ ਉਸ ਵੱਲੋ ਪੂਰੀ ਮੰਡੀ ਦਾ ਕੰਮ ਨਹੀ ਨਿਪਟਾਇਆ ਜਾ ਸਕਦਾ ਅਤੇ ਲੱਗਭੱਗ 50 ਪ੍ਰਤੀਸ਼ਤ ਤੱਕ ਕੰਮ ਆੜਤੀਆਂ ਪਾਸੋ ਆੜਤੀਆਂ ਦੀ ਸਹਿਮਤੀ ਉਪਰੰਤ (ਆੜਤੀਆਂਵਾਇਜ਼) ਕਰਵਾ ਲਿਆ ਜਾਵੇ ਅਤੇ ਉਸ (ਠੇਕੇਦਾਰ) ਨੂੰ ਕੋਈ ਇਤਰਾਜ਼ ਨਹੀ ਹੈ। ਇਸ ਸੂਰਤ ਵਿੱਚ ਮੰਡੀ ਅੱਧਾ ਕੰਮ ਆੜਤੀਆਂ ਪਾਸ਼ੋ ਠੇਕੇਦਾਰ ਦੇ ਪ੍ਰਵਾਨਿਤ ਰੇਟ ਤੇ ਕਰਵਾਇਆ ਜਾ ਸਕਦਾ ਹੈ।

(ii) ਜੇਕਰ ਠੇਕੇਦਾਰ ਵੱਲੋ ਉਪਰੋਕਤ ਕਲਾਜ਼ ਅਨੁਸਾਰ ਸਹਿਮਤੀ ਨਹੀ ਦਿੱਤੀ ਜਾਂਦੀ ਤਾਂ ਮੰਡੀ ਦੀ ਸਥਿਤੀ ਨੂੰ ਧਿਆਨ ਵਿੱਚ ਰੱਖਦੇ ਹੋਏ ਏਜੰਸੀ ਦੇ ਇੰਸਪੈਕਟਰ, ਸਹਾਇਕ ਖੁਰਾਕ ਤੇ ਸਪਲਾਈਜ਼ ਅਫਸਰ ਜਾਂ ਖੁਰਾਕ ਤੇ ਸਪਲਾਈਜ਼ ਅਫਸਰ, ਪੰਜਾਬ ਮੰਡੀ ਬੋਰਡ ਦੇ ਨੁਮਾਇੰਦੇ ਅਤੇ ਮੰਡੀ ਦੇ ਦੋ ਆੜਤੀਆਂ ਦੀ ਗਵਾਹੀ ਦੇ ਤਹਿਤ ਸਬੰਧਤ ਏਜੰਸੀ ਦੇ ਸਹਾਇਕ ਖੁਰਾਕ ਤੇ ਸਪਲਾਈਜ਼ ਅਫਸਰ/ਖੁਰਾਕ ਤੇ ਸਪਲਾਈਜ਼ ਅਫਸਰ ਜਾਂ ਬਰਾਬਰ ਪੱਧਰ ਦੇ ਅਧਿਕਾਰੀ ਵੱਲੋ ਪਾਰਦਰਸ਼ਤਾ ਵਰਤਦੇ ਹੋਏ ਰਿਪੋਰਟ ਤਿਆਰ ਕੀਤੀ ਜਾਵੇਗੀ ਕਿ ਠੇਕੇਦਾਰ ਮੰਡੀ ਵਿੱਚ ਮਿਥੇ ਸਮੇ ਵਿੱਚ ਪੂਰਾ ਕੰਮ ਕਰਨ ਵਿੱਚ ਅਸਮਰਥ ਹੈ ਅਤੇ ਉਸ ਵੱਲੋ ਪੂਰੀ ਮੰਡੀ ਦਾ ਕੰਮ ਨਹੀ ਨਿਪਟਾਇਆ ਜਾ ਸਕਦਾ। ਇਸ ਰਿਪੋਰਟ ਦੇ ਤਹਿਤ ਸਬੰਧਤ ਠੇਕੇਦਾਰ ਨੂੰਉਸਦੇ ਈ.ਮੇਲ ਆਈ.ਡੀ./ਰਜਿਸਟਰਡ ਮੋਬਾਇਲ ਤੇ ਐਸ.ਐਮ.ਐਸ. ਰਾਹੀ ਵਜ੍ਹਾ ਬਿਆਨ ਨੋਟਿਸ ਦਿੰਦੇ ਹੋਏ, ਉਸਨੂੰ ਨਿਜੀ ਸੁਣਵਾਈ ਦੇਣ ਉਪਰੰਤ ਅਤੇ ਏਜੰਸੀ ਦੇ ਜਿਲਾ ਮੈਨੇਜਰ ਦੀ ਪ੍ਰਵਾਨਗੀ ਉਪਰੰਤ ਬਕਾਇਆ ਰਹਿੰਦਾ ਕੰਮ ਆੜ੍ਹਤੀਆਂ ਪਾਸੋ, ਆੜ੍ਹਤੀਆਂ ਦੀ ਸਹਿਮਤੀ ਉਪਰੰਤ ਠੇਕੇਦਾਰ ਦੇ ਪ੍ਰਵਾਨਿਤ ਰੇਟ ਤੇ ਕਰਵਾਇਆ ਜਾ ਸਕਦਾ ਹੈ।

(ਅ) ਜੇਕਰ ਆੜਤੀਆਂ ਵੱਲੋ ਵੀ ਇਹ ਕੰਮ ਕਰਨ ਤੋ ਇਨਕਾਰ ਕਰ ਦਿੱਤਾ ਜਾਦਾ ਹੈ ਤਾਂ ਐਗਰੀਮੈਂਟ ਦੀਆਂ ਸ਼ਰਤਾਂ ਅਨਸਾਰ ਠੇਕੇਦਾਰ ਦੇ ਵਿਰੁੱਧ ਪਾਲੀਸੀ ਅਨੁਸਾਰ ਕਾਰਵਾਈ ਕਰਦੇ ਹੋਏ ਉਸ ਦੀ ਰਿਸਕ ਅਤੇ ਕਾਸਟ ਤੇ ਹੋਰ ਦੂਸਰੇ ਸਾਧਨਾਂ ਤੋ ਕੰਮ ਕਰਵਾਇਆ ਜਾਵੇਗਾ ਕਿਉਕਿ ਐਗਰੀਮੈਂਟ ਮੁਤਾਬਿਕ ਠੇਕੇਦਾਰ ਹੀ ਪੂਰਾ ਕੰਮ ਕਰਨ ਲਈ ਪਾਬੰਦ ਹੈ।

(ੲ) ਕਿਉਂਜੋ ਸੀਜਨ ਦੌਰਾਨ ਇੱਕ ਦਿਨ ਵਿੱਚ ਹੀ ਹਜਾਰਾਂ ਟਨ ਜਿਨਸ ਦੀ ਆਮਦ ਮੰਡੀ ਵਿੱਚ ਹੋ ਜਾਂਦੀ ਹੈ ਅਤੇ ਉਸਦੀ ਲਿਫਟਿੰਗ ਸਮੇ ਸਿਰ ਨਾ ਹੋਣ ਕਾਰਨ ਮੰਡੀ ਵਿੱਚ ਗਲੱਟ ਪੈਦਾ ਹੋ ਜਾਂਦਾ ਹੈ, ਜਿਸ ਨਾਲ ਆੜਤੀਆਂ ਅਤੇ ਕਿਸਾਨਾਂ ਵਿੱਚ ਰੋਸ ਪ੍ਰਗਟ ਹੁੰਦਾ ਹੈ ਅਤੇ ਸਮੁੱਚੀ ਖਰੀਦ ਪ੍ਰਕਿਰਿਆ ਪ੍ਰਭਾਵਿਤ ਹੁੰਦੀ ਹੈ, ਇਸ ਲਈ ਜੇਕਰ ਠੇਕੇਦਾਰ ਸੀਜਨ ਦੌਰਾਨ ਕੰਮ ਛੱਡਕੇ ਚਲੇ ਜਾਂਦਾ ਹੈ ਤਾਂ ਅਜਿਹੇ ਕੇਸਾਂ ਵਿੱਚ ਉਸਦੇ ਈ.ਮੇਲ ਆਈ.ਡੀ./ਰਜਿਸਟਰਡ ਮੋਬਾਇਲ ਤੇ ਐਸ.ਐਮ.ਐਸ. ਰਾਹੀ ਵਜ੍ਹਾ ਬਿਆਨ ਨੋਟਿਸ ਦਿੰਦੇ ਹੋਏ, ਉਸਨੂੰ ਨਿਜੀ ਸੁਣਵਾਈ ਦਿੱਤੀ ਜਾਵੇਗੀ।ਨਿਜੀ ਸੁਣਵਾਈ ਦੌਰਾਨ ਜੇਕਰ ਠੇਕੇਦਾਰ ਆਪਣਾ ਪੱਖ ਤਸੱਲੀਬਖਸ ਪੇਸ ਨਹੀ ਕਰਦਾ, ਤਾਂ ਉਸਦੀ ਜਮਾਨਤੀ ਰਕਮ ਜਬਤ ਕਰਦੇ ਹੋਏ ਕਮੇਟੀ ਪਾਸ ਉਸਨੂੰ ਬਲੈਕ ਲਿਸਟ ਕਰਨ ਦਾ ਅਧਿਕਾਰ ਹੋਵੇਗਾ ਅਤੇ ਉਸ ਦੀ ਰਿਸਕ ਅਤੇ ਕਾਸਟ ਤੇ ਐਲ-2/ਐਲ-3/ਆੜ੍ਹਤੀਆਂ ਜਾਂ ਹੋਰ ਦੂਸਰੇ ਸਾਧਨਾਂ ਤੋਂ ਕੰਮ ਕਰਵਾਇਆ ਜਾਵੇਗਾ। ਜੇਕਰ ਠੇਕੇਦਾਰ ਮਿੱਥੇ ਸਮੇ ਤੇ ਨਿਜੀ ਸੁਣਵਾਈ ਲਈ ਹਾਜਰ ਨਹੀ ਹੁੰਦਾ ਤਾਂ ਲਿਫਟਿੰਗ ਦੀ ਮਹੱਤਤਾ ਨੂੰ ਮੁੱਖ ਰੱਖਦੇ ਹੋਏ ਕਮੇਟੀ ਪਾਸ ਇੱਕ-ਤਰਫਾ ਫੈਸਲਾ ਕਰਨ ਦਾ ਅਧਿਕਾਰ ਹੋਵੇਗਾ।

19- ਟੈਂਡਰਕਾਰ ਵੱਲੋ ਕੰਮ ਮੁਕੰਮਲ ਕਰਨ ਉਪਰੰਤ, ਸਮੂਹ ਖਰੀਦ ਏਜੰਸੀਆਂ ਪਾਸੋ ਨਾ-ਬਕਾਇਆ ਸਰਟੀਫਿਕੇਟ (ਐਨ.ਡੀ.ਸੀ.) ਪ੍ਰਾਪਤ ਕਰਕੇ, ਉਸਦੀ ਜਮਾਨਤੀ ਰਕਮ ਸਬੰਧਤ ਜਿਲਾ ਮੈਨੇਜਰ ਵੱਲੋ ਰਲੀਜ਼ ਕੀਤੀ ਜਾਵੇਗੀ।

20- ਹਰ ਮੰਡੀ ਤੋ ਸਟੋਰੇਜ ਪੁਆਇੰਟ ਦੀ ਘੱਟ ਤੋ ਘੱਟ ਟਰੱਕਏਬਲ/ਮੋਟਰਏਬਲ ਦੂਰੀ ਦੀ ਮਿਨਤੀ ਭਰੋਸੇਯੋਗ ਯੰਤਰ ਭਾਵ (ਚਾਰ ਪਹੀਆ ਵਹੀਕਲ) ਦੇ ਮੀਟਰ ਰਾਂਹੀ ਨਾਪ ਕੇ ਵਹੀਕਲ ਦਾ ਨੰਬਰ ਦਿੰਦੇ ਹੋਏ, ਸਬੰਧਤ ਨਿਰੀਖਕ, ਫੀਲਡ ਅਫਸਰ ਅਤੇ ਡਿਪਟੀ ਜਿਲ੍ਹਾ ਮੈਨੇਜ਼ਰ ਵੱਲੋ ਤਸਦੀਕਸੁਦਾ ਫਾਸਲੇ ਸਬੰਧੀ ਸਰਟੀਫਿਕੇਟ ਪ੍ਰਾਪਤ ਕੀਤਾ ਜਾਵੇਗਾ, ਜਿਸ ਦੇ ਆਧਾਰ ਤੇ ਪ੍ਰਵਾਨਿਤ ਰੇਟਾ ਅਨੁਸਾਰ ਅਦਾਇਗੀ ਕੀਤੀ ਜਾਵੇਗੀ। ਜੇਕਰ ਨਵੇ ਓਪਨ ਗੁਦਾਮ ਅਤੇ ਕਵਰਡ ਗੁਦਾਮ ਬਾਅਦ ਵਿੱਚ ਕਿਰਾਏ ਤੇ ਲਏ ਜਾਂਦੇ ਹਨ ਤਾਂ ਅਜਿਹੇ ਕੇਸਾ ਵਿਚ ਢੋਆ ਢੁਆਈ ਦੇ ਰੇਟ ਕਲਸਟਰ ਦੇ ਮੰਨਜੂਰਸੁਦਾ ਰੇਟਾਂ ਅਨੁਸਾਰ ਤਹਿ ਕੀਤੇ ਜਾਣਗੇ ਅਤੇ ਉਨ੍ਹਾ ਦੇ ਫਾਸਲੇ ਦੀ ਵੀ ਪੁਸ਼ਟੀ ਇਸੇ ਤਰ੍ਹਾਂ ਹੀ ਕਰਵਾਈ ਜਾਵੇਗੀ।

21- ਖਰੀਦ ਦੌਰਾਨ ਟਰਾਂਸਪੋਰਟ ਦੇ ਕੰਮ ਸਬੰਧੀ ਅਗਰ ਕੋਈ ਅਜਿਹੀ ਸਥਿਤੀ ਸਾਹਮਣੇ ਆਉਦੀ ਹੈ, ਜਿਸ ਸਬੰਧੀ ਇਸ ਪਾਲਿਸੀ ਵਿੱਚ ਸਪਸ਼ਟ ਨਾ ਕੀਤਾ ਗਿਆ ਹੋਵੇ ਤਾਂ ਇਸ ਸਬੰਧੀ ਪ੍ਰਵਾਨਗੀ ਡਾਇਰੈਕਟਰ ਖੁਰਾਕ ਤੇ ਸਪਲਾਈਜ ਅਤੇ ਖਪਤਕਾਰ ਮਾਮਲੇ, ਪੰਜਾਬ ਤੋ ਲੈਣ ਉਪਰੰਤ ਢੁਕਵੀ ਕਾਰਵਾਈ ਕੀਤੀ ਜਾਵੇਗੀ ਅਤੇ ਇਸ ਸਬੰਧੀ ਲਿਖਤੀ ਰਿਪੋਰਟ ਰਿਕਾਰਡ ਲਈ ਮੁੱਖ ਦਫਤਰ ਭੇਜੀ ਜਾਵੇਗੀ।

22- ਟੈਂਡਰਕਾਰ, ਕਮੇਟੀ ਜਾਂ ਵਿਭਾਗ ਵਿੱਚ ਜੇਕਰ ਕਿਸੇ ਕਿਸਮ ਦਾ ਡਿਸਪਿਊਟ ਹੁੰਦਾ ਹੈ ਤਾਂ ਉਸਦਾ ਆਰਬੀਟ੍ਰੇਸ਼ਨ ਐਕਟ ਤਹਿਤ ਸਬੰਧਤ ਖਰੀਦ ਏਜੰਸੀ ਦੇ ਮੈਨੇਜਿੰਗ ਡਾਇਰੈਕਟਰ (ਮੁਖੀ) ਜਾਂ ਉਨ੍ਹਾਂ ਦੇ ਨਾਮਜ਼ਦ ਅਧਿਕਾਰੀ (ਆਰਬੀਟਰੇਟਰ) ਦੁਆਰਾ ਜੋ ਫੈਸਲਾ ਕੀਤਾ ਜਾਵੇਗਾ, ਉਹ ਦੋਨਾਂ ਧਿਰਾਂ ਨੂੰ ਮੰਨਣਾ ਪਵੇਗਾ। ਇਸ ਦਾ ਅਦਾਲਤੀ ਖੇਤਰ ਚੰਡੀਗੜ੍ਹ ਹੋਵੇਗਾ।

23- ਜ਼ਿਲ੍ਹਾ ਪੱਧਰ ਤੇ ਠੇਕੇਦਾਰਾਂ ਨੂੰ ਟੈਡਰ ਅਲਾਟਮੈਟ ਕਮੇਟੀ ਵੱਲੋ ਜਾਰੀ ਕੀਤੀ ਰੇਟਾਂ ਦੀ ਮੰਨਜ਼ੂਰੀ ਤੋਂ ਬਿਨਾਂ ਕੋਈ ਅਦਾਇਗੀ ਨਹੀਂ ਕੀਤੀ ਜਾਵੇਗੀ। ਸਬੰਧਤ ਏਜੰਸੀ ਦੇ ਜਿਲਾ ਮੈਨੇਜਰ ਵੱਲੋ ਠੇਕੇਦਾਰ ਨੂੰ ਉਸ ਏਜੰਸੀ ਦੇ ਕੀਤੇ ਕੰਮ ਦੀ ਅਦਾਇਗੀ ਕੀਤੀ ਜਾਵੇਗੀ। ਟਰਾਂਸਪੋਰਟੇਸ਼ਨ ਦੇ ਬਿਲਾਂ ਦੀ ਪੇਮੈਂਟ ਵਿਚੋ ਇਨਕਮ ਟੈਕਸ ਅਤੇ ਹੋਰ ਸਟੈਚੂਟਰੀਕਟੌਤੀਆਂ ਭਾਰਤ ਸਰਕਾਰ ਜਾਂ ਪੰਜਾਬ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਕੀਤੀਆਂ ਜਾਣਗੀਆਂ।

24- ਸਮੂਹ ਜ਼ਿਲਿਆਂ ਲਈ ਢੋਆ-ਢੁਆਈ ਦੇ ਠੇਕੇਦਾਰ ਦੀਆਂ ਟੈਕਨੀਕਲ ਬਿੱਡ ਦੀਆਂ ਯੋਗਤਾਵਾਂ ਹੇਠ ਲਿਖੇ ਅਨੁਸਾਰ ਹੋਣਗੀਆਂ:-

i) ਢੋਆ ਢੁਆਈ ਦੇ ਠੇਕੇਦਾਰ ਪਾਸ ਪੈਨ ਨੰਬਰ ਹੋਣਾ ਲਾਜ਼ਮੀ ਹੋਵੇਗਾ।

ii) ਟੈਡਰਕਾਰ ਨੂੰ ਟੈਕਨੀਕਲ ਬਿੱਡ ਵਿੱਚ ਪੂਰਨ ਯੋਗਤਾ ਲਈ ਤਜਰਬਾ ਸਰਟੀਫਿਕੇਟ, ਟਰੱਕਾਂ ਦੀ ਸੂਚੀ ਅਤੇ ਪੈਨ ਨੰਬਰ ਅਪਲੋਡ ਕਰਨਾ ਲਾਜਮੀ ਹੋਵੇਗਾ। ਟੈਡਰਕਾਰ ਨੂੰ ਆਪਣਾ ਨਿੱਜੀ ਈ.ਮੇਲ ਆਈ.ਡੀ. ਅਤੇ ਮੋਬਾਇਲ ਨੰਬਰ ਵੀ ਅਪਲੋਡ ਕਰਨਾ ਲਾਜਮੀ ਹੋਵੇਗਾ ਜਿਸ ਰਾਹੀ ਉਸ ਨਾਲ ਈ.ਮੇਲ/ਐਸ.ਐਮ.ਐਸ. ਰਾਹੀ ਤੁਰੰਤ ਸੰਪਰਕ ਕੀਤਾ ਜਾ ਸਕੇ।

iii) ਟੈਡਰਕਾਰ ਦੇ ਨਾਂ ਤੇ ਫੂਡ ਗਰੇਨਜ਼ ਦਾ ਢੋਆ ਢੁਆਈ ਦਾ ਦੋ ਸਾਲ ਦਾ ਤਜ਼ਰਬਾ ਹੋਣਾ ਲਾਜ਼ਮੀ ਹੋਵੇਗਾ ਅਤੇ ਇਹ ਤਜਰਬਾ ਸਰਟੀਫਿਕੇਟ ਨਾਲ ਨੱਥੀ ਅਨੁਲੱਗ - ਅ ਸਬੰਧਤ ਏਜੰਸੀ ਦੇ ਜਿਲਾ ਮੈਨੇਜਰ ਪਾਸੋ ਤਸਦੀਕ ਸੁਦਾ ਕੀਤਾ ਹੋਵੇ। ਟੈਡਰਕਾਰ ਮੌਕੇ ਤੇ ਜਿਲਾ ਟੈਡਰ ਕਮੇਟੀ ਪਾਸ

ਉਕਤ ਤਜਰਬੇ ਤਹਿਤ ਕੀਤੇ ਕੰਮ ਦੀ ਹੇਠ ਦਰਸਾਏ ਅਨੁਸਾਰ ਮੰਡੀਆਂ ਦੇ ਕਲਸਟਰ ਦੀ ਪਿਛਲੇ ਸਾਲ ਦੀ ਅਸਲ ਆਮਦ ਦੇ ਅਧਾਰ ਤੇ ਇੱਕ ਸਾਲ ਵਿੱਚ ਕੀਤੇ ਗਏ ਕੰਮ ਦੀ ਟਰਨ ਓਵਰ ਦੇ ਸਬੂਤ ਵੀ ਪੇਸ਼ ਕਰੇਗਾ ।

| ਲੜੀ ਨੰ: | ਕਲਸਟਰ ਅਧੀਨ ਪੈਂਦੀਆਂ ਮੰਡੀਆਂ ਦੀ ਆਮਦ | ਲੋੜੀਦੀ ਘੱਟੋ ਘੱਟ ਟਰਨ ਓਵਰ/ਤਜ਼ਰਬਾ (ਰੁਪਇਆਂ ਵਿੱਚ) |
|---|---|---|
| 1 | 0 ਤੋਂ 5000 ਟਨ ਤੱਕ | 10,00,000 |
| 2 | 5001 ਤੋਂ 10000 ਟਨ ਤੱਕ | 20,00,000 |
| 3 | 10001 ਤੋਂ 20000 ਟਨ ਤੱਕ | 40,00,000 |
| 4 | 20001 ਤੋਂ 30000 ਟਨ ਤੱਕ | 60,00,000 |
| 5 | 30001 ਤੋਂ 40000 ਟਨ ਤੱਕ | 80,00,000 |
| 6 | 40001 ਤੋਂ 50000 ਟਨ ਤੱਕ | 1,00,000,00 |
| 7 | 50001 ਤੋਂ 75000 ਟਨ ਤੱਕ | 2,00,000,00 |
| 8 | 75001 ਤੋਂ 100000 ਟਨ ਤੱਕ | 3,00,000,00 |
| 9 | 100000 ਟਨ ਤੋਂ ਵੱਧ | 4,00,000,00 |

iv) ਢੋਆ ਢੁਆਈ ਦੇ ਟੈਡਰਕਾਰ ਪਾਸ ਪ੍ਰਤੀ ਕਲਸਟਰ ਦੇ ਕੰਮ ਲਈ ਹੇਠ ਲਿਖੇ ਅਨੁਸਾਰ ਲੋੜੀਦੇ ਟਰੱਕਾਂ ਦੀ ਗਿਣਤੀ ਲਾਜ਼ਮੀ ਹੋਵੇਗੀ, ਟੈਡਰਕਾਰ ਟਰੱਕਾ ਦੀ ਸੂਚੀ ਸਮੇਤ ਰਜਿਸਟਰੇਸ਼ਨ ਦੀਆਂ ਕਾਪੀਆਂ ਜਿਲਾ ਟੈਡਰ ਕਮੇਟੀ ਨੂੰ ਮੌਕੇ ਤੇ ਪੇਸ਼ ਕਰੇਗਾ। ਜੇਕਰ ਉਹ ਕਿਸੇ ਟਰੱਕ ਯੂਨੀਅਨ ਤੋ ਟਰੱਕ ਲਵੇਗਾ ਤਾਂ ਟਰੱਕ ਯੂਨੀਅਨ ਦੀ ਲਿਖਤ ਅੰਡਰਟੇਕਿੰਗ ਪੇਸ਼ ਕਰੇਗਾ ਕਿ ਟਰੱਕ ਯੂਨੀਅਨ ਉਸ ਨੂੰ ਟਰੱਕ ਦੇਣ ਲਈ ਸਹਿਮਤ ਹੈ ਅਤੇ ਟਰੱਕ ਯੂਨੀਅਨ ਦੇ ਟਰੱਕਾਂ ਦੀ ਸੂਚੀ ਸਮੇਤ ਰਜ਼ਿਸਟਰੇਸ਼ਨ ਦੀਆਂ ਕਾਪੀਆਂ ਵੀ ਪੇਸ਼ ਕਰੇਗਾ ਅਤੇ ਟਰੱਕ ਯੂਨੀਅਨ ਨਾਲ ਕੀਤੇ ਗਏ ਐਗਰੀਮੈਂਟ ਦੀ ਕਾਪੀ ਵੀ ਪੇਸ਼ ਕਰੇਗਾ :-

| ਲੜੀ ਨੰਬਰ | ਮਿਕਦਾਰ (ਕਲਸਟਰ ਦੀ ਆਮਦ) | ਟਰੱਕਾਂ ਦੀ ਲੋੜੀਂਦੀ ਗਿਣਤੀ |
|---|---|---|
| 1- | 5000 ਟਨ ਤੱਕ | 20 ਟਰੱਕ |
| 2- | 5001 ਤੋਂ 10000 ਟਨ ਤੱਕ | 40 ਟਰੱਕ |
| 3- | 10001 ਤੋਂ 20000 ਟਨ ਤੱਕ | 60 ਟਰੱਕ |
| 4- | 20001 ਤੋਂ 30000 ਟਨ ਤੱਕ | 90 ਟਰੱਕ |
| 5- | 30001 ਤੋਂ 40000 ਟਨ ਤੱਕ | 120 ਟਰੱਕ |
| 6- | 40001 ਤੋਂ 50000 ਟਨ ਤੱਕ | 150 ਟਰੱਕ |
| 7- | 50001 ਤੋਂ 75,000 ਟਨ ਤੱਕ | 180 ਟਰੱਕ |
| 8- | 75,000 ਟਨ ਤੋਂ 1,00,000 ਟਨ ਤੱਕ | 210 ਟਰੱਕ |
| 9 | 1,00,000 ਟਨ ਤੋ ਵੱਧ | 240 ਟਰੱਕ |

iv) ਜੇਕਰ ਟੈਡਰਕਾਰ ਵੱਲੋ ਪੇਸ਼ ਕੀਤੇ ਟਰੱਕਾਂ ਦੇ ਰਜਿਸਟਰੇਸ਼ਨ ਨੰਬਰ, ਕਾਪੀਆਂ ਜਾਂ ਅੰਡਰਟੇਕਿੰਗ ਫਰਜੀ ਪਾਏ ਜਾਂਦੇ ਹਨ ਤਾਂ ਕਮੇਟੀ ਜਾਂ ਸਬੰਧਤ ਏਜੰਸੀ ਵੱਲੋ ਠੇਕੇਦਾਰ ਦਾ ਟੈਡਰ ਰੱਦ ਕਰਨ ਦੇ ਨਾਲ-2 ਕਾਨੂੰਨੀ ਕਾਰਵਾਈ ਵੀ ਕੀਤੀ ਜਾਵੇਗੀ।

25- ਸਮੂਹ ਟੈਡਰਕਾਰਾ ਵੱਲੋ ਟੈਂਡਰਿੰਗ ਈ-ਟੈਡਰਿੰਗ ਰਾਹੀ ਕੀਤੀ ਜਾਵੇਗੀ, ਈ-ਟੈਂਡਰਿੰਗ ਕਰਨ ਲਈ ਵਿਭਾਗ ਦੀ ਵੈਬਸਾਇਟwww.foodsuppb.nic.in ਜਾਂ **https://etender.Punjabgovt.gov.in**ਤੇ ਜਾ ਕੇ ਲਾਗ ਆਨ ਕਰਕੇ ਈ-ਟੈਂਡਰਿੰਗ ਕੀਤੀ ਜਾ ਸਕੇਗੀ। ਇਸ ਬਾਰੇ ਵਧੇਰੇ ਜਾਣਕਾਰੀ ਲਈ ਉਪਰੋਕਤ ਵੈਬਸਾਈਟਾਂ ਜਾਂ ਹੈਲਪਲਾਈਨ ਨੰਬਰ92572-09340, 80546-28821, 0172-3934667ਤੇ ਸੰਪਰਕ ਕੀਤਾ ਜਾ ਸਕਦਾ ਹੈ।

(ੳ) ਈ. ਟੈਡਰਿੰਗ ਲਈ ਪਹਿਲਾ ਠੇਕੇਦਾਰ ਨੂੰ ਉਪਰੋਕਤ ਵੈਬਸਾਇਟਾਂ ਤੇ ਰਜ਼ਿਸਟਰਡ ਕਰਵਾਉਣਾ ਲਾਜ਼ਮੀ ਹੋਵੇਗਾ, ਜਿਸ ਲਈ ਉਸ ਪਾਸ ਡਿਜ਼ੀਟਲ ਸਿਗਨੇਚਰ ਅਤੇ ਇਨਕਰਪਸ਼ਨ ਸਿਗਨੇਚਰ ਸਰਟੀਫਿਕੇਟ ਹੋਣਾ ਲਾਜ਼ਮੀ ਹੋਵੇਗਾ ਅਤੇ ਰਜਿਸ਼ਟਰੇਸ਼ਨ ਚਾਰਜ਼ਜ ਵੱਜੋ ਰੁਪਏ 2000/- + ਟੈਕਸ ਦੀ ਰਾਸ਼ੀ ਆਨਲਾਇਨ ਪੇਮੇਂਟ ਰਾਹੀ ਜ਼ਮਾਂ ਕਰਵਾਉਣੀ ਹੋਵੇਗੀ।

ਅ) ਟੈਡਰਕਾਰ ਨੂੰ ਆਪਣਾ ਨਿੱਜੀ ਈ.ਮੇਲ ਆਈ.ਡੀ. ਅਤੇ ਮੋਬਾਇਲ ਨੰਬਰ ਵੀ ਅਪਲੋਡ ਕਰਨਾ ਲਾਜਮੀ ਹੋਵੇਗਾ। ਜਿਸ ਰਾਹੀ ਉਸ ਨਾਲ ਈ.ਮੇਲ/ਐਸ.ਐਮ.ਐਸ. ਰਾਹੀ ਤੁਰੰਤ ਸੰਪਰਕ ਕੀਤਾ ਜਾ ਸਕੇ। ਸੀਜਨ ਦੌਰਾਨ ਸਮੇ ਬੱਧ ਢੋਆ-ਢੁਆਈ ਦੀ ਮਹੱਤਤਾ ਨੂੰ ਮੁੱਖ ਰੱਖਦੇ ਹੋਏ ਠੇਕੇਦਾਰ ਨਾਲ ਜੋ ਵੀ ਪੱਤਰ ਵਿਹਾਰ ਉਸ ਦੇ ਈ.ਮੇਲ ਆਈ.ਡੀ. ਅਤੇ ਮੋਬਾਇਲ ਨੰਬਰ ਜਾਂ ਐਸ.ਐਮ.ਐਸ. ਰਾਹੀ ਕੀਤਾ ਜਾਵੇਗਾ, ਉਸਨੂੰ ਕਾਨੂੰਨੀ ਤੌਰ ਤੇ ਬਰਾਬਰ ਮਾਨਤਾ ਪ੍ਰਾਪਤ ਹੋਵੇਗੀ ਕਿਉਂਜੋ ਮੌਜੂਦਾ ਆਧੁਨਿਕ ਯੁੱਗ ਵਿੱਚ ਮਸ਼ਨੀ ਪ੍ਰਣਾਲੀ ਹੋਣ ਕਾਰਨ ਹਰ ਰੋਜ ਲੱਖਾਂ ਟਨ ਜਿਨਸ ਦੀ ਆਮਦ ਮੰਡੀਆਂ ਵਿੱਚ ਹੋਣ ਉਪਰੰਤ ਉਸਦੀ ਸਫਾਈ, ਤੁਲਾਈ ਅਤੇ ਲਿਫਟਿੰਗ ਦਾ ਕੰਮ ਕਿਸਾਨਾਂ ਦੇ ਹਿੱਤਾਂ ਨੂੰ ਮੁੱਖ ਰੱਖਦੇ ਹੋਏ ਸੁੱਚਜੇ ਢੰਗ ਨਾਲ ਸਮੇ ਬੱਧ ਮੁਕੰਮਲ ਕੀਤਾ ਜਾਣਾ ਹੁੰਦਾ ਹੈ।

26- ਢੋਆ-ਢੁਆਈ/ਕਾਰਟੇਜ ਦੇ ਟੈਡਰ ਪ੍ਰਤੀ ਕਿ.ਮੀ./ਪ੍ਰਤੀ ਕੁਇੰਟਲ ਦੇ ਹਿਸਾਬ ਨਾਲ ਅਨੁਲੱਗ-ੳ (SOR) ਤੇ ਦਰਜ਼ ਰੇਟਾਂ ਅਨੁਸਾਰ ਪ੍ਰਾਪਤ ਕੀਤੇ ਜਾਣਗੇ।

ਵਧੀਕ ਡਾਇਰੈਕਟਰ (ਵਿੱਤ)
ਵਾ: ਡਾਇਰੈਕਟਰ ਖੁਰਾਕ, ਸਿਵਲ ਸਪਲਾਈਜ਼ ਅਤੇ
ਖਪਤਕਾਰ ਮਾਮਲੇ ਵਿਭਾਗ, ਪੰਜਾਬ।

ਢੋਆ-ਢੁਆਈ ਦੇ ਟੈਂਡਰ ਹੇਠ ਦਰਸਾਏ ਅਨੁਲੱਗ- ੳ ਦੇ ਅਨੁਸਾਰ ਨਿਸ਼ਚਿਤ ਕੀਤੇ ਗਏ, ਪ੍ਰਤੀ ਕਿਲੋਮੀਟਰ/ਪ੍ਰਤੀ ਕੁਇੰਟਲ ਦੇ ਬੇਸਿਕ ਰੇਟਾਂ ਦੇ ਆਧਾਰ ਤੇ ਮੰਗੇ ਜਾਣਗੇ।

## ਅਨੁਲੱਗ- ੳ

## ਢੋਆ-ਢੁਆਈ ਦੇ ਰੇਟ ਪ੍ਰਤੀ ਕੁਇੰਟਲ

**(SOR)**

| ਲੜੀ ਨੰ: | ਸਲੈਬ | ਰੁ:(ਪ੍ਰਤੀ ਕੁਇੰਟਲ) |
|---|---|---|
| 1 | 0 ਤੋਂ 3 ਕਿ.ਮੀ. ਤੱਕ | 4.62 |
| 2 | 3.1 ਤੋਂ 5 ਕਿ.ਮੀ. ਤੱਕ | 6.54 |
| 3 | 5.1 ਤੋਂ 8 ਕਿ.ਮੀ. ਤੱਕ | 8.54 |
| 4 | 8.1 ਤੋਂ 12 ਕਿ.ਮੀ. ਤੱਕ | 11.52 |
| 5 | 12.1 ਤੋਂ 16 ਕਿ.ਮੀ. ਤੱਕ | 13.76 |
| 6 | 16.1 ਤੋਂ 20 ਕਿ.ਮੀ. ਤੱਕ | 16.00 |
| 7 | 20.1 ਤੋਂ 24 ਕਿ.ਮੀ. ਤੱਕ | 18.24 |
| 8 | 24.1 ਤੋਂ 28 ਕਿ.ਮੀ. ਤੱਕ | 20.16 |
| 9 | 28.1 ਤੋਂ 32 ਕਿ.ਮੀ. ਤੱਕ | 21.76 |
| 10 | 32.1 ਤੋਂ 36 ਕਿ.ਮੀ. ਤੱਕ | 23.76 |
| 11 | 36.1 ਤੋਂ 40 ਕਿ.ਮੀ. ਤੱਕ | 25.60 |
| 12 | 40.1 ਤੋਂ 44 ਕਿ.ਮੀ. ਤੱਕ | 27.28 |
| 13 | 44.1 ਤੋਂ 48 ਕਿ.ਮੀ. ਤੱਕ | 28.80 |
| 14 | 48.1 ਤੋਂ 52 ਕਿ.ਮੀ. ਤੱਕ | 30.16 |
| 15 | 52.1 ਤੋਂ 56 ਕਿ.ਮੀ. ਤੱਕ | 31.36 |
| 16 | 56.1 ਤੋਂ 60 ਕਿ.ਮੀ. ਤੱਕ | 32.40 |
| 17 | 60.1 ਤੋਂ 64 ਕਿ.ਮੀ. ਤੱਕ | 33.28 |
| 18 | 64.1 ਤੋਂ 68 ਕਿ.ਮੀ. ਤੱਕ | 34.00 |
| 19 | 68.1 ਤੋਂ 72 ਕਿ.ਮੀ. ਤੱਕ | 34.56 |
| 20 | 72.1 ਤੋਂ 76 ਕਿ.ਮੀ. ਤੱਕ | 34.96 |
| 21 | 76.1 ਤੋਂ 80 ਕਿ.ਮੀ. ਤੱਕ | 35.20 |
| 22 | 80.1 ਤੋਂ 84 ਕਿ.ਮੀ. ਤੱਕ | 35.28 |

*ਨੋਟ:- ਜੇਕਰ ਇਸ ਦੂਰੀ ਤੋਂ ਵੱਧ ਢੋਆ-ਢੋਆਈ ਦਾ ਕੰਮ ਕਰਵਾਇਆ ਜਾਂਦਾ ਹੈ ਤਾਂ ਉਪਰੋਕਤ ਬਣਾਏ ਟੇਬਲ ਦੇ ਆਖਰੀ ਰੇਟ ਵਿੱਚ ਹੀ ਅੱਗੋਂ ਦੀ ਦੂਰੀ ਲਈ ਪ੍ਰਤੀ ਕੁਇੰਟਲ 2 ਪੈਸੇ ਪ੍ਰਤੀ ਕਿ.ਮੀ. ਰੇਟ ਦਾ ਵਾਧਾ ਦਿੱਤਾ ਜਾਵੇਗਾ। ਜਿਨਸ ਦੀ ਢੋਆ-ਢੋਆਈ ਲਈ, ਮੰਡੀ ਤੋਂ ਸਟੋਰੇਜ਼ ਪੁਆਇੰਟ ਤੱਕ ਘੱਟ ਤੋਂ ਘੱਟ ਦੂਰੀ ਦੇ ਰੂਟ ਨੂੰ ਅਪਨਾਇਆ ਜਾਵੇਗਾ ਅਤੇ ਦੂਰੀ ਵੈਰਫਾਈ ਕਰਨ ਲਈ, ਪਾਲਿਸੀ ਹਦਾਇਤਾਂ ਅਨੁਸਾਰ ਹਰ ਰੂਟ ਦਾ ਫਾਸਲਾ ਸਰਟੀਫਿਕੇਟ ਕਮੇਟੀ ਵੱਲੋਂ ਪ੍ਰਾਪਤ ਕੀਤਾ ਜਾਵੇਗਾ ਅਤੇ ਰੇਟਾਂ ਦੀ ਪ੍ਰਵਾਨਗੀ ਪ੍ਰਾਪਤ ਕਰਨ ਸਮੇਂ ਫਾਸਲਾ ਸਰਟੀਫਿਕੇਟ ਮੁੱਖ ਦਫਤਰ ਨੂੰ ਭੇਜਿਆ ਜਾਵੇਗਾ।

ਤਜਰਬਾ ਸਰਟੀਫਿਕੇਟ

(ਅਨੁਲੱਗ-ਅ)

ਇਹ ਤਸਦੀਕ ਕੀਤਾ ਜਾਂਦਾ ਹੈ ਕਿ ਸ੍ਰੀ/ਮੈਸ:______________ ਵੱਲੋਂ ਸਾਡੀ ਅਜੰਸੀ/ਸੰਸਥਾ ਵਿੱਚ ਬਤੌਰ ਫੂਡਗਰੇਨਜ਼ ਟ੍ਰਾਸਪੋਰਟਰ/ਢੋਆ-ਢੁਆਈ ਠੇਕੇਦਾਰ ਕੰਮ ਕੀਤਾ ਹੈ,ਜਿਸ ਦਾ ਵਿਵਰਣ ਹੇਠ ਲਿਖੇ ਅਨੁਸਾਰ ਹੈ:-

| ਲੜੀ ਨੰ: | ਠੇਕੇ ਦਾ ਸਮਾਂ | ਠੇਕੇ ਦੀ ਕਿਸਮ | ਠੇਕੇ ਅਧੀਨ ਕੀਤੇ ਕੰਮ ਦੀ ਕੁੱਲ ਰਾਸ਼ੀ | ਠੇਕੇ ਦੌਰਾਨ ਕੀਤੇ ਗਏ ਕੰਮਾਂ ਦਾ ਵਿਵਰਣ |
|---|---|---|---|---|
| | | | | |
| | | | | |
| | | | | |
| | | | | |

ਸ੍ਰੀ/ਮੈਸ:______________________________ਦੀ ਉਪਰੋਕਤ ਦਰਸਾਏ ਸਮੇਂ ਦੇ ਠੇਕੇ ਦੌਰਾਨ ਕਾਰਜ਼ਪ੍ਰਣਾਲੀ ਅਤਿ ਉੱਤਮ/ਬਹੁੱਤ ਅੱਛੀ/ਅੱਛੀ/ਸੰਤੋਸ਼ਜਨਕ ਸੀ (ਜੋ ਸਹੀ ਹੈ, ਉਸਨੂੰ ਟਿੱਕ ਕੀਤਾ ਜਾਵੇ)।

ਇਹ ਸਰਟੀਫਿਕੇਟ ਮਿਤੀ____________ ਸਥਾਨ______________ਨੂੰ ਸਮਰੱਥ ਅਧਿਕਾਰੀ ਦੀ ਪ੍ਰਵਾਨਗੀ ਉਪਰੰਤ ਜਾਰੀ ਕੀਤਾ ਗਿਆ।

ਹਸਤਾਖਰ______________

ਨਾਂ ______________

ਅਹੁੱਦਾ ______________

ਮੋਹਰ ______________